# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ

ਪੁੱਡਾ ਭਵਨ, ਸੈਕਟਰ 62, ਐਸ.ਏ.ਐਸ ਨਗਰ।

(ਤਕਨੀਕੀ ਅਮਲਾ ਸਾਖਾ)

---

## ਪਬਲਿਕ ਨੋਟਿਸ

ਪੁੱਡਾ ਵਿਖੇ ਸਾਲ 2016 ਦੌਰਾਨ ਤਕਨੀਕੀ ਅਤੇ ਨਾਨ ਤਕਨੀਕੀ ਕਾਡਰ ਦੀਆਂ ਵੱਖ-ਵੱਖ ਅਸਾਮੀਆਂ ਲਈ ਕੀਤੀ ਜਾਣ ਵਾਲੀ ਸਿੱਧੀ ਭਰਤੀ ਦੇ ਸਨਮੁੱਖ ਕੁਝ ਬਿਨੈਕਾਰਾਂ ਵਲੋਂ ਪੁੱਡਾ ਦਫਤਰ ਵਿਖੇ ਈਮੇਲ ਰਾਹੀਂ ਵੱਖ-2 ਅਸਾਮੀਆਂ ਲਈ ਕੰਡਕਟ ਕੀਤੇ ਇਮਤਿਹਾਨ ਦੀ ਮੈਰਿਟ ਸੂਚੀ ਵਿੱਚ ਨਾਂ, ਕੈਟਾਗਰੀ ਆਦਿ ਇਤਰਾਜ ਭੇਜੇ ਗਏ ਸਨ ਜਿਸ ਸਬੰਧੀ ਇਤਰਾਜਾਂ ਨੂੰ ਦੂਰ ਕਰਨ ਸਬੰਧੀ ਪੁੱਡਾ ਪੱਧਰ ਤੇ ਬਣਾਈ ਗਈ ਕਮੇਟੀ ਵਲੋਂ ਬਿਨੈਕਾਰਾਂ ਨੂੰ ਨਿੱਜੀ ਪੱਧਰ ਤੇ ਸੁਨਣ ਅਤੇ ਉਹਨਾਂ ਦੇ ਦਸਤਾਵੇਜ ਚੈਕ ਕਰਨ ਉਪਰੰਤ ਹੇਠ ਅਨੁਸਾਰ ਫੈਸਲੇ ਲਏ ਗਏ ਹਨ।

1. ਸ੍ਰੀ ਸਤਨਾਮ ਸਿੰਘ ਪੁੱਤਰ ਸ੍ਰੀ ਰਾਮ ਸਿੰਘ (ਐਪਲੀਕੇਸ਼ਨ ਨੰਬਰ: 16005574) ਨੂੰ ਉਸ ਵਲੋਂ ਉਠਾਏ ਇਤਰਾਜ ਦੇ ਸਨਮੁੱਖ ਬਿਨੈਕਾਰ ਨੂੰ ਨਿੱਜੀ ਪੱਧਰ ਤੇ ਸੁਨਣ ਅਤੇ ਉਸਦੇ ਦਸਤਾਵੇਜ ਚੈਕ ਕਰਨ ਉਪਰੰਤ ਉਸ ਨੂੰ ਸੀਨੀਅਰ ਸਹਾਇਕ (ਲੇਖਾ) ਦੀ ਹੈਂਡੀਕੈਪਡ (ਆਰਥੋ) ਕੈਟਾਗਰੀ ਵਿੱਚ ਮੈਰਿਟ ਅਨੁਸਾਰ ਕੰਸੀਡਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

2. ਸ੍ਰੀ ਰਮਨਜੋਤ ਸਿੰਘ ਪੁੱਤਰ ਸ੍ਰੀ ਪਾਲ ਸਿੰਘ (ਐਪਲੀਕੇਸ਼ਨ ਨੰਬਰ: 16001307) ਨੂੰ ਉਸ ਵਲੋਂ ਉਠਾਏ ਗਏ ਇਤਰਾਜ ਦੇ ਸਨਮੁੱਖ ਬਿਨੈਕਾਰ ਨੂੰ ਨਿੱਜੀ ਪੱਧਰ ਤੇ ਸੁਨਣ ਅਤੇ ਉਸਦੇ ਦਸਤਾਵੇਜ ਚੈਕ ਕਰਨ ਉਪਰੰਤ ਬਿਨੈਕਾਰ ਦਾ ਨਾਂ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੂੰ ਠੀਕ ਕਰਦੇ ਹੋਏ ਸ੍ਰੀ ਰਮਨਜੋਤ ਸਿੰਘ ਅਤੇ ਉਸ ਨੂੰ ਜੂਨੀਅਰ ਇੰਜੀਨੀਅਰ (ਜਨ ਸਿਹਤ) ਅਤੇ ਜੂਨੀਅਰ ਇੰਜੀਨੀਅਰ (ਸਿਵਲ) ਦੋਵੇਂ ਅਸਾਮੀਆਂ ਵਿਰੁੱਧ ਕੰਸੀਡਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

3. ਸ੍ਰੀ ਰਾਹੁਲ ਪੁੱਤਰ ਸ੍ਰੀ ਬਾਬੂ ਰਾਮ (ਐਪਲੀਕੇਸ਼ਨ ਨੰਬਰ: 16007007) ਨੂੰ ਉਸ ਵਲੋਂ ਉਠਾਏ ਇਤਰਾਜ ਦੇ ਸਨਮੁੱਖ ਬਿਨੈਕਾਰ ਨੂੰ ਨਿੱਜੀ ਪੱਧਰ ਤੇ ਸੁਨਣ ਅਤੇ ਉਸਦੇ ਦਸਤਾਵੇਜ ਚੈਕ ਕਰਨ ਉਪਰੰਤ ਉਸ ਨੂੰ ਕਲਰਕ-ਕਮ-ਡਾਟਾ-ਐਂਟਰੀ ਉਪਰੇਟਰ ਦੀ ਅਨੁਸੂਚਿਤ ਜਾਤੀ (ਹੋਰ) ਕੈਟਾਗਰੀ ਵਿੱਚ ਮੈਰਿਟ ਅਨੁਸਾਰ ਕੰਸੀਡਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

4. ਜੂਨੀਅਰ ਇੰਜੀਨੀਅਰ (ਸਿਵਲ/ਜਨ ਸਿਹਤ), ਉਪ ਮੰਡਲ ਇੰਜੀਨੀਅਰ (ਸਿਵਲ/ਜਨ ਸਿਹਤ) ਦੀ ਅਸਾਮੀਆਂ ਵਿਰੁੱਧ ਪੁੱਡਾ ਦੀ ਵੈਬ ਸਾਈਟ ਤੇ ਕੈਟਾਗਰੀ ਵਾਈਜ ਪਹਿਲਾਂ ਅਪਲੋਡ ਕੀਤੀਆਂ ਪ੍ਰੋਵੀਜਨਲ ਮੈਰਿਟ ਸੂਚੀਆਂ ਅਤੇ ਕਲਰਕ-ਕਮ-ਡਾਟਾ-ਐਂਟਰੀ ਉਪਰੇਟਰ, ਸੀਨੀਅਰ ਸਹਾਇਕ (ਲੇਖਾ) ਦੀ ਅਸਾਮੀਆਂ ਵਿਰੁੱਧ ਪੁੱਡਾ ਦੀ ਵੈਬ ਸਾਈਟ ਤੇ ਹੁਣ ਅਪਲੋਡ ਕੀਤੀਆਂ ਰੀਵਾਈਜਡ ਮੈਰਿਟ ਸੂਚੀਆਂ (ਸਪੋਰਟਸ ਕੋਟੇ ਨੂੰ ਛੱਡਕੇ) ਫਾਈਨਲ ਹਨ ਅਤੇ ਕਿਸੇ ਵੀ ਬਿਨੈਕਾਰ ਦਾ ਇਸ ਸਬੰਧੀ ਕੋਈ ਵੀ ਇਤਰਾਜ ਸਵੀਕਾਰ ਨਹੀਂ ਕੀਤਾ ਜਾਵੇਗਾ।

5. ਜੂਨੀਅਰ ਇੰਜੀਨੀਅਰ (ਸਿਵਲ/ਜਨ ਸਿਹਤ) ਅਤੇ ਕਲਰਕ-ਕਮ-ਡਾਟਾ-ਐਂਟਰੀ ਉਪਰੇਟਰ ਦੇ ਸਪੋਰਟਸ ਕੋਟੇ ਦੀ ਅਸਾਮੀਆਂ ਦੀ ਮੈਰਿਟ ਸੂਚੀ ਵੱਖਰੇ ਤੌਰ ਤੇ ਅਪਲੋਡ ਕੀਤੀ ਜਾਵੇਗੀ।

ਵਧੀਕ ਮੁੱਖ ਪ੍ਰਸਾਸਕ।